بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.04.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 9 ਅਪ੍ਰੈਲ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚਲ ਰਿਹਾ ਸੀ, ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਕੀ ਮੁਕਾਮ, ਮਰਤਬਾ ਤੇ ਸਥਾਨ ਸੀ, ਸਹਾਬਾ ਇਹਨਾ ਨੂੰ ਕਿਵੇਂ ਦੇਖਦੇ ਸਨ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਕਾਲ ਵਿੱਚ ਵੀ ਅਤੇ ਇਸਦੇ ਬਾਦ ਵੀ । ਇਸ ਬਾਰੇ ਰਿਵਾਇਤ ਹੈ ਕਿ ਨਾਫ਼ਿ ਨੇ ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਕੀਤੀ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਕਾਲ ਵਿੱਚ ਅਸੀਂ ਲੋਕਾਂ ਵਿੱਚ ਇਕ ਦੂਜੇ ਨੂੰ ਇਕ ਤੋਂ ਵੱਧ ਜੰਗਾ ਕਰਾਰ ਦਿਆ ਕਰਦੇ ਸਨ ਅਤੇ ਸਮਝਦੇ ਸੀ ਕਿ ਹਜ਼ਰਤ ਅਬੂ ਬਕਰ ਸਭ ਤੋਂ ਚੰਗੇ ਹਨ ਫਿਰ ਹਜ਼ਰਤ ਉਮਰ ਬਿਨ ਖ਼ਤਾਬ ਫ਼ਿਰ ਹਜ਼ਰਤ ਉਸਮਾਨ ਬਿਨ ਅਫ਼ਾਨ ਰਜ਼ੀ ਅਲੱਾਹੁ ਅਨਹੁਮ ।

ਮੁਹਮੱਦ ਬਿਨ ਹਨਫ਼ੀਆ ਬਿਆਨ ਕਰਦੇ ਹਨ ਕਿ ਮੈਂ ਆਪਣੇ ਪਿਤਾ ਹਜ਼ਰਤ ਅਲੀ ਨੂੰ ਪੁਛਿਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਲੋਕਾਂ ਵਿੱਚ ਸਭ ਤੋਂ ਚੰਗੇ ਕੌਣ ਹਨ । ਉਹਨਾ ਨੇ ਕਿਹਾ ਕਿ ਅਬੂ ਬਕਰ, ਮੈਂ ਪੁੱਛਿਆ ਇਹਨਾ ਦੇ ਬਾਦ ਕੌਣ ਉਹਨਾ ਨੇ ਕਿਹਾ, ਉਮਰ, ਫ਼ਿਰ ਮੈਂ ਡਰਦਿਆਂ ਹੋਇਆਂ ਪੁੱਛਿਆ ਕਿ ਫਿਰ ਕੌਣ ਤਾਂ ਉਹਨਾਂ ਨੇ ਉਤੱਰ ਦਿਤੱਾ ਕਿ ਹਜ਼ਰਤ ਉਸਮਾਨ । ਫਿਰ ਮੈਂ ਕਿਹਾ ਹੇ ਮੇਰੇ ਪਿਤਾ ਜੀਉ ਇਹਨਾ ਦੇ ਬਾਦ ਕੀ ਆਪ, ਤਾਂ ਆਪਨੇ ਉਤੱਰ ਦਿਤੱਾ ਕਿ ਮੈਂ ਤਾਂ ਮੁਸਲਮਾਨਾਂ ਵਿੱਚੋਂ ਇਕ ਸਾਧਾਰਣ ਵਿਅਕਤੀ ਹਾਂ ।

ਆਂਹਜ਼ਰ ਸਲਲੱਾਹੁ ਅਲੈਹਿ ਵਸਲਮ ਨੂੰ ਜੋ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨਾਲ ਸੰਬੰਧ ਸੀ ਇਸ ਦਾ ਅਨੁਮਾਨ ਇਸ ਗੱਲ ਤੋਂ ਹੁੰਦਾ ਹੈ ਕਿ ਹਜ਼ਰਤ ਉਸਮਾਨ ਨਾਲ ਕੀਨਾ ਰਖੱਣ ਵਾਲੇ ਇਕ ਵਿਅਕਤੀ ਦਾ ਜਨਾਜ਼ਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਨਹੀਂ ਪੜ੍ਹਿਆ । ਹਜ਼ਰਤ ਜਾਬਰ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਇਕ ਵਿਅਕਤੀ ਦਾ ਜਨਾਜ਼ਾ ਲਿਆਂਦਾ ਗਿਆ ਤਾਂ ਜੋ ਆਪ ਉਸਦੀ ਨਮਾਜ਼ ਜਨਾਜ਼ਾ ਪੜ੍ਹ ਦੇਣ, ਪਰ ਆਪ ਨੇ ਉਸਦੀ ਨਮਾਜ਼ ਜਨਾਜ਼ਾਹ ਨਹੀਂ ਪੜ੍ਹਾਈ । ਕਿਸੇ ਨੇ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ਇਸ ਤੋਂ ਪਹਿਲਾਂ ਅਸੀਂ ਕਦੇ ਨਹੀਂ ਦੇਖਿਆ ਕਿ ਆਪਨੇ ਕਿਸੇ ਦੀ ਨਮਾਜ਼ ਜਨਾਜ਼ਾ ਛੱਡੀ ਹੋਵੇ । ਇਸ'ਤੇ ਆਪ ਨੇ ਫ਼ਰਮਾਇਆ ਇਹ ਵਿਅਕਤੀ ਉਸਮਾਨ ਨਾਲ ਕੀਨਾ ਰਖੱਦਾ ਸੀ, ਸੋ ਰੱਬ ਵੀ ਇਸ ਨਾਲ ਦੁਸ਼ਮਣੀ ਰਖੱਦਾ ਹੈ ।

ਫਿਰ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਇਨਸ਼ਾਫ਼ ਬਾਰੇ ਰਿਵਾਇਤ ਆਉਂਦੀ ਹੈ ਕਿ ਆਪਣੇ ਭਰਾ ਦਾ ਕਸੂਰ ਸਾਬਤ ਹੋਣ'ਤੇ ਹਜ਼ਰਤ ਉਸਮਾਨ ਨੇ ਆਪਣੇ ਭਰਾ ਨੂੰ ਵੀ ਦੰਡ ਦੁਆਇਆ । ਹਜ਼ਰਤ ਉਸਮਾਨ ਨੇ ਹਜ਼ਰਤ ਅਲੀ ਨੂੰ ਬੁਲਾਇਆ ਅਤੇ ਆਪਣੇ ਭਰਾ ਵਲੀਦ ਬਿਨ ਅਕਬਾ ਬਾਰੇ ਫ਼ਰਮਾਇਆ ਕਿ ਇਸ ਨੂੰ ਦੁੱਰੇ ਮਾਰੋ ਤਾਂ ਉਹਨਾ ਨੇ ਇਸ ਨੂੰ ਅੱਸੀ ਦੁੱਰੇ ਮਾਰੇ । ਹਜ਼ਰਤ ਸਯੱਦ ਜ਼ੈਨੁਲ ਆਬਿਦੀਨ ਵਲੀ ਉਲੱਾਹ ਸ਼ਾਹ ਸਾਹਬ ਇਸ ਦੀ ਵਿਆਖਿਆ ਵਿੱਚ ਵਰਨਣ ਕਰਦੇ ਹਨ ਕਿ ਵਲੀਦ ਬਿਨ ਅਕਬਾ ਦੇ ਵਿਰੁਧ ਦੰਡ ਨਿਰਧਾਰਤ ਕਰਨ ਦਾ ਜੋ ਵਰਨਣ ਮਿਲਦਾ ਹੈ ਇਸ ਦਾ ਸੰਬੰਧ ਸ਼ਰਾਬ ਪੀਣ ਦੇ ਆਰੋਪ ਨਾਲ ਹੈ । ਹਜ਼ਰਤ ਉਸਮਾਨ ਨੇ ਨੇੜਤਾ ਦਾ ਪੱਖ ਨਹੀਂ ਕੀਤਾ, ਸਗੋਂ ਨੇੜਤਾ ਕਰਕੇ ਉਸਨੂੰ ਦੂਣਾ ਦੰਡ ਦਿੱਤਾ ਅਤੇ ਚਾਲ੍ਹੀ ਕੋੜਿਆਂ ਦੀ ਥਾਂ ਅੱਸੀ ਕੋੜੇ ਲਗਵਾਏ ਅਤੇ ਇਹ ਗਿਣਤੀ ਹਜ਼ਰਤ ਉਮਰ ਦੀਆਂ ਗਲੱਾਂ ਤੋਂ ਵੀ ਪ੍ਰਮਾਣਤ ਹੁੰਦੀ ਹੈ । ਜੁਮਏ ਦੇ ਦਿਨ ਦੂਜੀ ਅਜ਼ਾਨ ਦਾ ਜੋ ਵਾਧਾ ਹੋਇਆ ਹੈ ਇਹ ਹਜ਼ਰਤ ਉਸਮਾਨ ਦੇ ਕਾਲ ਵਿੱ ਹੋਇਆ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ, ਹਜ਼ਰਤ ਅਬੂ ਬਕਰ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁਮਾ ਦੇ ਕਾਲ ਵਿੱਚ ਜੁਮਏ ਦੇ ਦਿਨ ਮੈਂਬਰ ਕੋਲ ਇਕ ਹੀ ਅਜ਼ਾਨ ਦਿੱਤੀ ਜਾਂਦੀ ਸੀ । ਬਾਦ ਵਿੱਚ ਹਜ਼ਰਤ ਉਸਮਾਨ ਦੇ ਕਾਲ ਵਿੱਚ ਦੂਜੀ ਅਜ਼ਾਨ ਦਾ ਰੀਤ ਪਈ । ਅਬੂ ਉਬੈਦ ਤੋਂ ਰਿਵਾਇਤ ਹੈ ਕਿ ਉਹਨਾ ਨੇ ਹਜ਼ਰਤ ਉਸਮਾਨ ਬਿਨ ਅਫ਼ਾਨ ਦੇ ਪਿੱਛੇ ਇਕ ਈਦ ਪੜ੍ਹੀ ਉਹ ਜੁਮਏ ਦਾ ਦਿਨ ਸੀ ਹਜ਼ਰਤ ਉਸਮਾਨ ਖ਼ੁਤਬੇ ਤੋਂ ਪਹਿਲਾਂ ਨਮਾਜ਼ ਪੜ੍ਹਾਈ ਫਿਰ ਆਪਨੇ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਹੇ ਲੋਕੋ ਇਹ ਉਹ ਦਿਨ ਹੈ ਜਿਸ ਵਿੱਚ ਤੁਹਾਡੇ ਲਈ ਦੋ ਈਦਾਂ ਇਕੱਠੀਆਂ ਹੋ ਗਈਆਂ ਹਨ । ਸੋ, ਮਦੀਨੇ ਦੇ ਆਲੇ ਦੁਆਲੇ ਰਹਿਣ ਵਾਲਿਆਂ ਵਿੱਚੋਂ ਜੋ ਜੁਮਏ ਦੀ ਉਡੀਕ ਕਰਨਾ ਚਾਹੁੰਦੇ ਹਨ ਉਹ ਤਾਂ ਉਡੀਕ ਕਰ ਸਕਦੇ ਹਨ ਅਤੇ ਜੋ ਵਾਪਸ ਪਰਤਨਾ ਪਸੰਦ ਕਰਦਾ ਹੈ ਤਾਂ ਉਸਨੂੰ ਮੇਰੀ ਵੱਲੋਂ ਪਰਤਨ ਦੀ ਆਗਿਆ ਹੈ ।

ਹਦੀਸਾਂ ਦੀ ਲੜੀ ਵਿੱਚ ਹੋਰਨਾ ਸਹਾਬਾ ਦੀ ਤੁਲਨਾ ਵਿੱਚ ਹਜ਼ਰਤ ਉਸਮਾਨ ਨਾਲ ਰਿਵਾਇਤ ਹੋਈਆਂ ਹਦੀਸਾਂ ਬਹੁਤ ਘੱਟ ਹਨ । ਰਵਾਇਤਾਂ ਦੀ ਘਾਟ ਦਾ ਸਬਬ ਇਹ ਹੈ ਕਿ ਹਜ਼ਰਤ ਉਸਮਾਨ ਹਦੀਸਾਂ ਦੀ ਰਿਵਾਇਤਾਂ ਵਿੱਚ ਬਹੁਤ ਸੀਮਾ ਤੱਕ ਸਾਵਧਾਨ ਰਹਿੰਦੇ ਸਨ । ਫ਼ਰਮਾਉਂਦੇ ਸਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਜੋੜਕੇ ਗੱਲ ਕਰਨ ਵਿੱਚ ਇਹ ਗੱਲ ਰੋਕ ਹੁੰਦੀ ਹੈ ਕਿ ਸ਼ਾਇਦ ਹੋਰਨਾ ਸਹਾਬਾ ਦੇ ਮੁਕਾਬਲੇ ਵਿੱਚ ਮੇਰੀ ਯਾਦ ਬਹੁਤੀ ਮਜ਼ਬੂਤ ਨ ਹੋਵੇ । ਫ਼ਰਮਾਇਆ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਹੈ ਕਿ ਜੋ ਵਿਅਕਤੀ ਮੇਰੇ ਵੱਲ ਗੱਲ ਮੜ੍ਹੇਗਾ ਜੋ ਮੈਂ ਨਹੀਂ ਕਿਹਾ ਹੈ ਉਹ ਆਪਣਾ ਟਿਕਾਣਾ ਨਰਕ ਵਿੱਚ ਬਣਾ ਲਏ । ਇਸ ਲਈ ਹਜ਼ਰਤ ਉਸਮਾਨ ਹਦੀਸਾਂ ਦੀ ਰਿਵਾਇਤ ਵਿੱਚ ਅਤਿ ਦੀ ਸਾਵਧਾਨੀ ਵਰਤਦੇ ਸਨ ।

ਹਜ਼ਰਤ ਉਸਮਾਨ ਨੇ ਅੱਠ ਵਿਆਹ ਕੀਤੇ । ਇਹ ਸਾਰੇ ਵਿਆਹ ਇਸਲਾਮ ਕੁਬੂਲ ਕਰਨ ਦੇ ਬਾਦ ਕੀਤੇ । ਆਪ ਦੀਆਂ ਪਤਨੀਆਂ ਤੇ ਸੰਤਾਨ ਦੇ ਨਾਂ ਇਸ ਪ੍ਰਕਾਰ ਹਨ । ਹਜ਼ਰਤ ਰੁਕਯੱਾ ਸਪੁੱਤਰੀ ਹਜ਼ਰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ, ਆਪ ਦੀ ਕੁੱਖ ਵਿੱਚੋਂ ਆਪ ਦੇ ਪੁਤੱਰ ਅਬਦੁਲੱਾਹ ਬਿਨ ਉਸਮਾਨ ਪੈਦਾ ਹੋਏ । ਹਜ਼ਰਤ ਉੱਮੇ ਕੁਲਸੂਮ ਸਪੁਤੱਰੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ । ਹਜ਼ਰਤ ਫ਼ਾਖ਼ਤਾ ਸਪੁਤੱਰੀ ਗ਼ਜ਼ਵਾਨ, ਇਹਨਾ ਦੀ ਕੁਖ'ਚੋਂ ਪੁਤੱਰ ਪੈਦਾ ਹੋਇਆ, ਇਸਦਾ ਨਾਂ ਵੀ ਅਬਦੁਲੱਾਹ ਸੀ ਅਤੇ ਇਸਨੂੰ ਅਬਦੁਲੱਾਹ ਅਸਗ਼ਰ (ਛੋਟਾ) ਕਿਹਾ ਜਾਂਦਾ ਸੀ । ਹਜ਼ਰਤ ਉੱਮੇ ਉਮਰੋ ਸਪੁਤੱਰੀ ਜੰਦਬ ਅਸਦੀਆ, ਇਹਨਾ ਦੀ ਕੁਖ ਵਿੱਚੋਂ ਉਮਰੋ, ਖ਼ਾਲਿਦ, ਅਬਾਨ, ਉਮਰ ਅਤੇ ਮਰਯੱਮ ਪੈਦਾ ਹੋਏ । ਹਜ਼ਰਤ ਫ਼ਾਤਿਮਾ ਸਪੁਤੱਰੀ ਵਲੀਦ ਮਖ਼ਜ਼ੂਮੀਆ, ਇਹਨਾ ਦੀ ਕੁੱਖ ਵਿੱਚੋਂ ਵਲੀਦ, ਸਈਦ ਅਤੇ ਉੱਮੇ ਸਈਦ ਪੈਦਾ ਹੋਏ । ਹਜ਼ਰਤ ਉਮੁੱਲ ਬਨੀਨ ਸਪੁਤੱਰੀ ਐਯੀਨਹ ਬਿਨ ਹਸਨ ਹਜ਼ਾਰੀਆ, ਇਹਨਾਂ ਦੀ ਕੁੱਖ ਵਿੱਚੋਂ ਆਪਦੇ ਪੁਤੱਰ ਅਬਦੁਲ ਮੁਲਕ ਦਾ ਜਨਮ ਹੋਇਆ । ਹਜ਼ਰਤ ਰਮਲਾ ਸਪੁਤੱਰੀ ਸ਼ੈਬਾ ਬਿਨ ਰਬੀਆ, ਇਹਨਾਂ ਦੀ ਕੁੱਖ ਵਿੱਚੋਂ ਆਇਸ਼ਾ ਉਮੇ ਅਬਾਨ ਅਤੇ ਉਮੇ ਉਮਰੋ ਦਾ ਜਨਮ ਹੋਇਆ । ਹਜ਼ਰਤ ਨਾਇਲਾ ਸਪੁਤੱਰੀ ਫ਼੍ਰਾਫ਼ਸਾ ਸਪੁਤੱਰੀ ਅਹਫ਼ਸ । ਇਹ ਪਹਿਲਾਂ ਨਸਰਾਨੀ (ਇਸਾਈ) ਸਨ ਪਰੰਤੂ ਵਿਆਹ ਤੋਂ ਪਹਿਲਾਂ ਇਸਲਾਮ ਕੁਬੂਲ ਕਰ ਲਿਆ ਸੀ ਅਤੇ ਚੰਗੀ ਮੁਸਲਮਾਨ ਸਿੱਧ ਹੋਈ । ਇਹਨਾਂ ਤੋਂ ਆਪਦੀ ਪੁਤੱਰੀ ਮਰਯੱਮ ਨੇ ਜਨਮ ਲਿਆ, ਕਿਹਾ ਜਾਂਦਾ ਹੈ ਕਿ ਇਕ ਪੁਤੱਰ ਅੰਬਸਾਹ ਵੀ ਪੈਦਾ ਹੋਇਆ ਸੀ । ਜੱਦ ਹਜ਼ਰਤ ਉਸਮਾਨ ਦੀ ਸ਼ਹੀਦੀ ਹੋਈ ਤਾਂ ਉਸ ਸਮੇਂ ਇਕ ਰਿਵਾਇਤ ਅਨੁਸਾਰ ਆਪ ਦੀਆਂ ਇਹ ਚਾਰ ਪਤਨੀਆਂ ਆਪ ਕੋਲ ਸਨ, ਹਜ਼ਰਤ ਰਮਲਾ, ਹਜ਼ਰਤ ਨਾਇਲਾ, ਹਜ਼ਰਤ ਉਮੁੱਲ ਬਨੀਨ ਅਤੇ ਹਜ਼ਰਤ ਫ਼ਾਖ਼ਤਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਿਆਨ ਫ਼ਰਮਾਉਂਦੇ ਹਨ ਕਿ ਮੈਂ ਤਾਂ ਇਹ ਜਾਣਦਾ ਹਾਂ ਕਿ ਕੋਈ ਵਿਅਕਤੀ ਮੋਮਿਨ ਤੇ ਮੁਸਲਮਾਨ ਨਹੀਂ ਬਣ ਸਕਦਾ ਜੱਦ ਤੱਕ ਅਬੂ ਬਕਰ, ਉਮਰ, ਉਸਮਾਨ ਅਤੇ ਅਲੀ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਜਿਹਾ ਰੰਗ ਪੈਦਾ ਨ ਹੋਵੇ । ਉਹ ਦੁਨੀਆ ਨਾਲ ਪ੍ਰੇਮ ਨਹੀਂ ਕਰਦੇ ਸਨ ਸਗੋਂ ਉਹਨਾ ਨੇ ਆਪਣੇ ਜੀਵਨ ਰੱਬ ਦੇ ਮਾਰਗ ਵਿੱਚ ਅਰਪਣ ਕੀਤੇ ਹੋਏ ਸਨ । ਆਪ ਫ਼ਰਮਾਉਂਦੇ ਹਨ ਇਹ ਆਸਥਾ ਜ਼ਰੂਰੀ ਹੈ ਕਿ ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਫ਼ਾਰੂਕ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਜ਼ੁਨੂੱਰੈਨ ਰਜ਼ੀ ਅਲੱਾਹੁ ਅਨਹੁ ਅਰਥਾਤ ਉਸਮਾਨ ਰਜ਼ੀ ਅਲੱਾਹੁ ਅਨਹੁ ਅਤੇ ਅਲੀ ਮੁਰਤਜ਼ਾ ਰਜ਼ੀ ਅਲੱਾਹੁ ਅਨਹੁ ਸਾਰੇ ਹੀ ਵਾਸਤਵਿਕ ਰੂਪ ਵਿੱਚ ਦੀਨ ਲਈ ਇਮਾਨਦਾਰ ਸਨ । ਅਬੂ ਬਕਰ ਰਜ਼ੀ ਅਲੱਾਹੁ ਅਨਹੁ ਜੋ ਇਸਲਾਮ ਦੇ ਦੂਜੇ ਆਦਮ ਹਨ ਅਤੇ ਇਸੇ ਪ੍ਰਕਾਰ ਹਜ਼ਰਤ ਉਮਰ ਫ਼ਾਰੂਕ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁਮਾ ਜੇਕਰ ਦੀਨ (ਇਸਲਾਮ) ਵਿੱਚ ਸੱਚੇ ਇਮਾਨਦਾਰ ਨ ਹੁੰਦੇ ਤਾਂ ਅੱਜ ਸਾਡੇ ਲਈ ਕਠਿਨ ਸੀ ਜੋ ਕੁਰਆਨ ਸ਼ਰੀਫ਼ ਦੀ ਕਿਸੇ ਵੀ ਇਕ ਆਇਤ ਨੂੰ ਰੱਬ ਵੱਲੋਂ ਦੱਸ ਸਕਦੇ ।

ਆਪ ਫ਼ਰਮਾਉਂਦੇ ਹਨ, ਬ-ਖ਼ੁਦਾ ਰੱਬ ਨੇ ਸ਼ੇਖ਼ੈਨ ਅਰਥਾਤ ਅਬੂਬਕਰ ਤੇ ਉਮਰ ਨੂੰ ਅਤੇ ਤੀਜੇ ਜੋ ਜ਼ੁਨੂੱਰੈਨ ਹਨ ਹਰ ਇਕ ਨੂੰ ਇਸਲਾਮ ਦੇ ਦਰਵਾਜ਼ੇ ਅਤੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀਆਂ ਫ਼ੌਜਾਂ ਦਾ ਹਰ ਪਹਿਲਾ ਦਸਤਾ ਬਣਾਇਆ ਹੈ । ਸੋ, ਜੋ ਵਿਅਕਤੀ ਇਹਨਾ ਦੀ ਮਹਾਨਤਾ ਦਾ ਇਨਕਾਰ ਕਰਦਾ ਹੈ ਅਤੇ ਉਹਨਾ ਦੀਆਂ ਅਕੱਟ ਦਲੀਲਾਂ ਨੂੰ ਤੁੱਛ ਜਾਣਦਾ ਹੈ ਅਤੇ ਉਹਨਾ ਨਾਲ ਸਨਮਾਨ ਨਾਲ ਪੇਸ਼ ਨਹੀਂ ਆਉਂਦਾ ਸਗੋਂ ਜ਼ਲੀਲ ਕਰਦਾ ਤੇ ਬੁਰਾ ਭਲਾ ਕਹਿਣ ਵਿੱਚ ਲਗੱਾ ਰਹਿੰਦਾ ਹੈ ਅਤੇ ਕੁਬੋਲ ਬੋਲਦਾ ਹੈ, ਮੈਂਨੂੰ ਉਸਦੇ ਭੈੜੇ ਅੰਜਾਮ ਅਤੇ ਇਮਾਨ ਦੇ ਖੁਸੱਣ ਦਾ ਡਰ ਹੈ । ਮੇਰਾ ਕਈ ਵਾਰ ਦਾ ਤਜਰਬਾ ਹੈ ਕਿ ਇਹਨਾ ਪਵਿਤੱਰ ਲੋਕਾਂ ਨਾਲ ਕੀਨਾ ਜਾਂ ਸਾੜਾ ਰਖੱਣਾ ਬਰਕਤਾਂ ਪ੍ਰਕਟ ਕਰਨ ਵਾਲੇ ਰੱਬ ਤੋਂ ਸਭ ਤੋਂ ਵੱਧ ਸੰਬੰਧ ਤੋੜਨ ਦਾ ਸਬਬ ਹੈ ਅਤੇ ਜਿਸਨੇ ਵੀ ਇਹਨਾ ਨਾਲ ਦੁਸ਼ਮਣੀ ਕੀਤੀ ਤਾਂ ਅਜਿਹੇ ਵਿਅਕਤੀ'ਤੇ ਰਹਿਮਤਾਂ ਤੇ ਮਿਹਰ ਦੇ ਸਾਰੇ ਮਾਰਗ ਬੰਦ ਕਰ ਦਿੱਤੇ ਜਾਂਦੇ ਹਨ ।

ਫ਼ਿਰ ਫ਼ਰਮਾਇਆ : ਮੇਰੇ ਰੱਬ ਨੇ ਮੇਰੇ'ਤੇ ਪ੍ਰਕਟ ਕੀਤਾ ਹੈ ਕਿ ਸੱਦੀਕ, ਫ਼ਾਰੂਕ ਤੇ ਉਸਮਾਨ ਰਜ਼ੀ ਅਲੱਾਹੁ ਅਨਹੁਮ ਨੇਕ ਮੋਮਨ ਤੇ ਭਲੇ ਪੁਰੁਖ ਸਨ ਅਤੇ ਉਹਨਾ ਲੋਕਾਂ ਵਿੱਚੋਂ ਸਨ ਜਿੰਨ੍ਹਾ ਨੂੰ ਰੱਬ ਨੇ ਚੁਣ ਲਿਆ ਅਤੇ ਰਹਿਮਾਨ ਰੱਬ ਦੀਆਂ ਮਿਹਰਾਂ ਨਾਲ ਵਿਸ਼ੇਸ਼ ਕੀਤੇ ਗਏ ਅਤੇ ਅਧਿਕਤਰ ਮਆਰਫ਼ਤ ਰਖੱਣ ਵਾਲਿਆ ਨੇ ਇਹਨਾ ਦੇ ਉਪਕਾਰਾਂ ਦੀ ਗਵਾਹੀ ਦਿੱਤੀ । ਇਹਨਾ ਦੇ ਕਰਮਾਂ ਵਿੱਚੋਂ ਖ਼ੁਸ਼ਬੋ ਤੇ ਮਹਿਕ ਹੈ ਅਤੇ ਇਹ ਸਭ ਕੁਝ ਇਹਨਾ ਦੇ ਮਰਤਬਿਆਂ ਤੇ ਨੇਕੀਆਂ ਦੇ ਬਾਗ਼ਾਂ ਵੱਲ ਮਾਰਗਦਰਸ਼ਨ ਕਰਦਾ ਹੈ ਅਤੇ ਇਹਨਾ ਵੱਲੋਂ ਆਉਂਦੀ ਹਵਾ ਆਪਣੇ ਪਵਿਤੱਰ ਬੁੱਲਿਆਂ ਨਾਲ ਇਹਨਾ ਦੇ ਅਲੌਕਿਕ ਇਸਰਾਰਾਂ ਦਾ ਪਤਾ ਦਿੰਦੀ ਹੈ । ਅਤੇ ਇਹਨਾ ਦੇ ਨੂਰ ਆਪਣੀ ਪੂਰੀ ਸ਼ਾਨ ਨਾਲ ਸਾਡੇ'ਤੇ ਪ੍ਰਕਟ ਹੁੰਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਦੇ ਨਾਲ ਹੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਖ਼ਤਮ ਹੁੰਦਾ ਹੈ । ਹਜ਼ਰਤ ਉਮਰ ਦਾ ਇਨਸ਼ਾਅਲੱਾਹ ਭਵਿੱਖ ਵਿੱਚ ਅਰੰਭ ਹੋਵੇਗਾ । ਇਸ ਦੇ ਬਾਦ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਲ ਇਸਲਾਮ ਨੇ ਕੁਰਆਨ ਸਰਚ ਦੀ ਨਵੀ ਵੈਬਸਾਈਟ ਦਾ ਪਹਿਲਾ ਵਰਜ਼ਨ ਤਿਆਰ ਕੀਤਾ ਹੈ । Holyquran.io । ਕਿਸੇ ਵੀ ਸੂਰਤ, ਆਇਤ, ਸ਼ਬਦ ਜਾਂ ਵਿਸ਼ੈ ਨੂੰ ਅਰਬੀ, ਅੰਗ੍ਰੇਜ਼ੀ ਜਾਂ ਉਰਦੂ ਭਾਸ਼ਾ ਵਿੱਚ ਇਕ ਨਵੇਂ ਸਰਚ ਇੰਜਨ ਰਾਹੀਂ ਭਾਲਿਆ ਜਾ ਸਕਦਾ ਹੈ ਅਤੇ ਸਰਚ ਕੀਤੇ ਸਿੱਟਿਆਂ ਨੂੰ ਅਹਮਦੀ ਅਤੇ ਗ਼ੈਰ ਅਹਮਦੀ ਅਨੁਵਾਦਾਂ ਨਾਲ ਦੇਖਿਆ ਜਾ ਸਕਦਾ ਹੈ । ਹਰ ਆਇਤ ਨਾਲ ਉਸਦੀ ਵਿਆਖਿਆ, ਵਿਸ਼ਾ ਅਤੇ ਸੰਬੰਧਤ ਆਇਤ ਨੂੰ ਦੇਖਿਆ ਜਾ ਸਕਦਾ ਹੈ, ਇਸ ਤੋਂ ਬਿਨਾ ਅਲ ਇਸਲਾਮ ਵੈਬਸਾਈਟ'ਤੇ ਕੁਰਆਨ ਪੜ੍ਹਨ ਤੇ ਸੁਣਨ ਅਤੇ ਸਰਚ ਦੀ ਵੈਬਸਾਈਟ readquran.app ਦਾ ਵੀ ਨਵਾਂ ਤੇ ਆਕ੍ਰਸ਼ਤ ਵਰਜ਼ਨ ਤਿਆਰ ਕਰ ਲਿਆ ਗਿਆ ਹੈ ਜਿਸ ਵਿੱਚ ਅੰਗ੍ਰੇਜ਼ੀ ਵਿੱਚ ਵਿਆਖਿਆ ਦੇ ਨਾਲ ਤਫ਼ਸੀਰੇ ਸਗ਼ੀਰ ਦੇ ਨੋਟਸ, ਹਰ ਸ਼ਬਦ ਦਾ ਅਰਥ, ਵਿਸ਼ੇ ਦੀ ਸੂਚੀ ਅਤੇ ਹੋਰ ਬਹੁਤ ਸਾਰੇ ਲਾਹੇਵੰਦ ਵਾਧੇ ਸ਼ਾਮਲ ਕੀਤੇ ਗਏ ਹਨ । ਰੱਬ ਤੋਂ ਦੁਆ ਹੈ ਕਿ ਇਹ ਪ੍ਰਾਜੈਕਟ ਕੁਰਆਨ ਕਰੀਮ ਦੀ ਸੁੰਦਰਤਾ ਅਤੇ ਇਸਦੀ ਸਿੱਖਿਆ ਨੂੰ ਦੁਨੀਆ ਵਿੱਚ ਫੈਲਾਉਣ ਦਾ ਸਬਬ ਬਣੇ ਅਤੇ ਜਮਾਤ ਦੇ ਲੋਕ ਵੀ ਇਸ ਤੋਂ ਭਰਪੂਰ ਲਾਭ ਚੁਕੱਣ ਵਾਲੇ ਹੋਣ ।

ਹਜ਼ੂਰ ਅਨਵਰ ਨੇ ਪਾਕਿਸਥਾਨ ਅਤੇ ਅਲ ਜਜ਼ਾਇਰ ਦੇ ਅਹਮਦੀਆਂ ਲਈ ਦੁਆ ਦੀ ਬਿਨਤੀ ਕੀਤੀ । ਇਸਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਮੁਹਮੱਦ ਸਾਦਿਕ ਸਾਹਬ ਦੁਰਗਾ ਰਾਮ ਪੁਰੀ, ਮੁਕਰੱਮਾ ਮੁਖ਼ਤਾਰਾਂ ਬੀਬੀ ਸਾਹਿਬਾ ਸੁਪਤਨੀ ਰਸ਼ੀਦ ਅਹਮਦ

ਅਠਵਾਲ ਸਾਹਬ ਦਾਰੁਲ ਯਮਨ ਰਬਵਾ, ਮੁਕਰੱਮ ਮਨਜ਼ੂਰ ਅਹਮਦ ਸ਼ਾਦ ਸਾਹਬ, ਮੁਕਰੱਮਾ ਹਮੀਦਾ ਅਖ਼ਤਰ ਸਾਹਿਬਾ ਸੁਪਤਨੀ ਅਬਦੁਰ ਰਹਮਾਨ ਸਲੀਮ ਸਾਹਬ ਯੂ.ਐਸ.ਏ., ਮੁਕਰੱਮ ਨਾਸਿਰ ਪੀਟਰ ਲੋਟਸੇਨ ਸਾਹਬ ਜਰਮਨੀ, ਮੁਕਰੱਮਾ ਰਜ਼ੀਆ ਤਨਵੀਰ ਸਾਹਿਬਾ ਕੈਨੇਡਾ, ਮੁਕਰੱਮ ਮੀਆਂ ਮਨਜ਼ੂਰ ਅਹਮਦ ਗ਼ਾਲਿਬ ਸਾਹਬ ਸਰਗੋਧਾ, ਮੁਕਰੱਮਾ ਬੁਸ਼ਰਾ ਹਮੀਦ ਅਨਵਰ ਅਦਨੀ ਸਾਹਿਬਾ, ਮੁਕਰੱਮਾ ਨੂਰੁਸੱਾਹੁਜ਼ੱਫ਼ਰ ਸਾਹਿਬਾ, ਮੁਕਰੱਮ ਸੁਲਤਾਨ ਅਲੀ ਰੇਹਾਨ ਸਾਹਬ, ਮੁਕਰੱਮ ਖ਼ਾਲਿਦ ਸਾਦੁਲੱਾਹ ਮਿਸਰੀ ਸਾਹਬ ਉਰਦਨ, ਮੁਕਰੱਮ ਮੁਹਮੱਦ ਮੁਨੀਰ ਸਾਹਬ ਰਬਵਾ, ਮਾਸਟਰ ਨਜ਼ੀਰ ਅਹਮਦ ਸਾਹਬ ਰਬਵਾ ਦਾ ਜ਼ਿਕਰੇ ਖ਼ੈਰ ਕੀਤਾ ।

ਹਜ਼ੂਰ ਅਨਵਰ ਨੇ ਮੁਕਰੱਮ ਮੌਲਵੀ ਗ਼ੁਲਾਮ ਕਾਦਰ ਸਾਹਬ ਮੁਬਲੱਗ਼ ਸਿਲਸਿਲਾ (ਜਮਾਤ) ਵਕਫ਼ੇ ਜ਼ਿੰਦਗੀ ਆਫ਼ ਕਾਲਾਬਨ ਜ਼ਿਲਾ ਰਾਜੋਰੀ ਪ੍ਰਾਂਤ ਜੰਮੂ ਕਸ਼ਮੀਰ ਦਾ ਜ਼ਿਕਰੇ ਖ਼ੈਰ ਕਰਦਿਆਂ ਹੋਇਆਂ ਫ਼ਰਮਾਇਆ ਕਿ ਆਪ 26 ਮਾਰਚ ਨੂੰ 56 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰੇ ਹੋ ਗਏ । انا للہ وانا الیہ راجعون । ਮਰਹੂਮ ਦੇ ਬੰਸ ਵਿੱਚ ਇਹਨਾ ਨੇ ਦਾਦਾ ਮੁਕਰੱਮ ਬਹਾਦੁਰ ਅਲੀ ਰਾਹੀਂ ਅਹਮਦੀਅਤ ਆਈ ਸੀ । ਇਹਨਾ ਦੇ ਪਰਿਵਾਰ ਵਿੱਚੋਂ ਰੱਬ ਦੀ ਅਪਾਰ ਮਿਹਰ ਨਾਲ ਇਸ ਸਮੇਂ ਤੇਰ੍ਹਾਂ ਵਿਅਕਤੀ ਜਮਾਤ ਦੀ ਸੇਵਾ ਵਿੱਚ ਹਨ । ਮੁਬਲੱਗ (ਪ੍ਰਚਾਰਕ) ਦੇ ਰੂਪ ਵਿੱਚ ਚੌਤੀ ਸਾਲ ਛੇ ਮਹੀਨਿ ਇਹਨਾਂ ਨੂੰ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ । ਮਰਹੂਮ ਦੀ ਜਿੱਥੇ ਵੀ ਨਿਯੁਕਤੀ ਹੋਈ ਖਿੜੇ ਮੱਥੇ ਪੂਰੀ ਲਗਨ ਤੇ ਮਿਹਨਤ ਨਾਲ ਸੀਖ ਸਿੱਖਿਆ ਦੀ ਜ਼ਿਮੱਦਾਰੀ ਨੂੰ ਅਖ਼ੀਰ ਸਮੇਂ ਤੱਕ ਨਿਭਾਉਂਦੇ ਰਹੇ । ਪ੍ਰਚਾਰ ਦਾ ਚੰਗਾ ਗੁਣ ਰਖੱਦੇ ਸਨ । ਪ੍ਰਚਾਰ ਦੇ ਖੇਤਰ ਵਿੱਚ ਆਉਣ ਵਾਲੀਆਂ ਔਕੁੜਾਂ ਤੇ ਵਿਰੋਧਤਾਵਾਂ'ਤੇ ਡਟੱਕੇ ਮੁਕਾਬਲਾ ਕਰਨ ਵਾਲੇ ਸਨ । ਅਤਿਅੰਤ ਸਬਰ ਕਰਨ ਵਾਲੇ ਤੇ ਸ਼ੁਕਰਗੁਜ਼ਾਰ ਤੇ ਨਿਠਰ ਪ੍ਰਚਾਰਤ ਸਨ । ਪਿਛੋਕੜ ਵਿੱਚ ਪਤਨੀ ਤੋਂ ਬਿਨਾ ਤਿੰਨ ਪੁਤੱਰ ਅਤੇ ਦੋ ਪੁਤੱਰੀਆਂ ਹਨ । ਇਕ ਪੁਤੱਰ ਬਸ਼ੀਰੁੱਦੀਨ ਕਾਦਰ ਜਾਮਿਆ ਅਹਮਦੀਆ ਕਾਦੀਆਂ ਵਿੱਚ ਆਖ਼ਰੀ ਕਲਾਸ ਵਿੱਚ ਸਿੱਖਿਆ ਹਾਸਲ ਕਰ ਰਿਹਾ ਹੈ । ਅਲੱਾਹ ਤਆਲਾ ਇਹਨਾ ਨਾਲ ਬਖਸ਼ਿਸ਼ ਦਾ ਵਰਤਾਉ ਕਰੇ ।

ਹਜ਼ੂਰ ਅਨਵਰ ਨੇ ਮੁਕਰੱਮਾ ਮਹਮੂਦਾ ਬੇਗ਼ਮ ਸਾਹਿਬਾ ਸੁਪਤੱਨੀ ਮੁਹਮੱਦ ਸਾਦਿਕ ਸਾਹਬ ਆਰਿਫ਼ ਦਰਵੇਸ਼ ਕਾਦੀਆਂ ਦਾ ਜ਼ਿਕਰ ਕਰਦਿਆਂ ਹੋਇਆਂ ਫ਼ਰਮਾਇਆ ਕਿ ਆਪ ਪਹਿਲੀ ਅਪ੍ਰੈਲ ਨੂੰ 85 ਸਾਲ ਦੀ ਉਮਰ ਵਿੱਚ ਦਿਲ ਦੀ ਹਰਕਤ ਬੰਦ ਹੋ ਜਾਣ ਕਰਕੇ ਅਕਾਲ ਚਲਾਣਾ ਕਰ ਗਈ ਸਨ । اناللہ وانا الیہ راجعون । ਮਰਹੂਮਾ ਹਜ਼ਰਤ ਕਾਜ਼ੀ ਅਸ਼ਰਫ਼ ਅਲੀ ਸਾਹਬ ਰਜ਼ੀ ਅਲੱਾਹੁ ਅਨਹੁ ਸਹਾਬੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਪਿੰਡ ਅਲੀਪੁਰ ਖੇੜਾ ਜ਼ਿਲਾ ਮੈਨਪੁਰੀ ਪ੍ਰਾਂਤ ਯੂਪੀ ਦੀ ਪੋਤੀ ਅਤੇ ਕਾਜ਼ੀ ਸ਼ਾਦ ਬਖ਼ਸ਼ ਸਾਹਬ ਮਰਹੂਮ ਦੀ ਸਪੁਤੱਰੀ ਸਨ । ਮਰਹੂਮਾ ਨੇ ਦਰਵੇਸ਼ੀ ਦੇ ਕਾਲ ਵਿੱਚ ਆਪਣੇ ਪਤੀ ਨਾਲ ਅਤਿਅੰਤ ਸਬਰ ਤੇ ਸ਼ੁਕਰ ਨਾਲ ਲੰਘਾਇਆ । ਜੇਕਰ ਫ਼ਾਕਿਆਂ ਦੀ ਨੌਬਤ ਵੀ ਆਈ ਤਾਂ ਹਮੇਸ਼ਾ ਸਬਰ ਨਾ ਨਮੂਨਾ ਦਿਖਾਇਆ ਅਤੇ ਕਦੇ ਵੀ ਕਿਸੇ ਦੇ ਸਾਹਮਣੇ ਤੰਗੀ ਦਾ ਪ੍ਰਕਟਾਵਾ ਨਹੀਂ ਕੀਤਾ । ਨਮਾਜ਼ਾਂ ਦੀ ਪਾਬੰਦ ਸਗੋਂ ਬਿਮਾਰੀ ਸਮੇਂ ਵੀ ਬਹੁਤ ਬੇਚੈਨੀ ਹੁੰਦੀ ਨਮਾਜ਼ਾ ਲਈ । ਕੁਰਆਨ ਕਰੀਮ ਦੀ ਤਿਲਾਵਤ ਦਾ ਵੀ ਬਹੁਤ ਧਿਆਨ ਰੱਖਿਆ ਕਰਦੀ ਸਨ । ਚੰਦਿਆਂ ਵਿੱਚ ਬਹੁਤ ਬਕਾਇਦਗੀ ਸੀ । ਖ਼ਿਲਾਫ਼ਤ ਨਾਲ ਡੂੰਘਾ ਸੰਬੰਧ ਰਖੱਣ ਵਾਲੀ ਸਨ । ਬੱਚਿਆਂ ਨੂੰ ਵੀ ਇਸ ਪੱਖੋਂ ਤਲਕੀਨ ਕਰਦੇ ਰਹਿਣ ਵਾਲੀ ਸਨ । ਮਰਹੂਮਾ ਮੂਸੀ ਸਨ । ਪਿਛੋਕੜ ਵਿੱਚ ਤਿੰਨ ਪੁਤੱਰ ਅਤੇ ਦੋ ਪੁਤੱਰੀਆਂ ਛੱਡੇ ਹਨ । ਅਲੱਾਹ ਤਆਲਾ ਇਹਨਾ ਨਾਲ ਬਖ਼ਸ਼ਿਸ਼ ਵਾਲਾ ਸੁਲੂਕ ਕਰੇ । ਨਮਾਜ਼ ਜੁਮਏ ਦੇ ਬਾਦ ਹਜ਼ੂਰਅਨਵਰ ਨੇ ਇਹਨਾ ਸਾਰਿਆਂ ਮਰਹੂਮਾਂ ਦੀ ਨਮਾਜ਼ ਜਨਾਜ਼ਾਹ ਗ਼ਾਇਬ ਵੀ ਪੜ੍ਹਾਈ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 09.04.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)